# ਆਪਣੇ ਤੋਂ ਆਪਣੇ ਤੱਕ ਦੀ ਯਾਤਰਾ

ਡਾ.ਕ੍ਰਿਸ਼ਨ ਕੁਮਾਰ ਰੱਤੂ
ਡਿਪਟੀ ਡਾਇਰੈਕਟਰ,ਦੂਰਦਰਸ਼ਨ ਜੈਪੁਰ

ਸਾਹਿਤ ਜਿਸ ਨੂੰ ਤੁਸੀਂ ਅਦਬ ਕਹਿੰਦੇ ਹੋ 'ਕਰਾਫ਼ਟਮੈਨਸ਼ਿਪ'ਨਹੀਂ ਹੈ।ਇਹ ਤਾਂ ਅੰਦਰੋਂ ਉੱਠੇ ਆਵਾਰਗੀ ਦੇ ਵਲਵਲਿਆਂ,ਵਾ-ਵਰੋਲ਼ਿਆਂ ਦੀ ਇੱਕ ਦਿਲਕਸ਼ ਹਨੇਰੀ ਹੈ।ਉਸ ਸ਼ਾਹ ਹਨੇਰੀ 'ਚ ਜਦੋਂ ਮਨ ਭਟਕਦਾ ਹੈ ਤਾਂ ਕੁਝ ਸ਼ਬਦ ਆਉਂਦੇ ਨੇ।ਇਹ ਉਸੇ ਤਰਾਂ ਹੈ ਜਿਵੇਂ ਬਾਬਾ ਬੁੱਲ੍ਹੇ ਸ਼ਾਹ ਆਪਣੇ ਚਿਲ੍ਹੇ ਵਿੱਚ ਬੈਠੇ ਉਹ ਸਲੋਕ ਕਹਿੰਦੇ ਹਨ ਜਿਹੜੇ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਨੇ।ਇਹਨਾ ਲਫ਼ਜ਼ਾਂ ਦੇ ਪਿੱਛੇ ਛਿਪਿਆ ਹੋਇਆ ਦਰਦ ਉਸ ਆਦਮੀ ਨੂੰ ਪੁੱਛੋ ਜਿਸ ਦੇ ਇਹ ਸ਼ਬਦ ਹੁੰਦੇ ਹਨ,ਇਸ ਤਰ੍ਹਾਂ ਉਹ ਤਾਂ ਮਹਾਂਪੁਰਸ਼ ਹੋ ਜਾਂਦੇ ਹਨ।ਅੱਜ ਦੇ ਇਸ ਤਕਨੀਕੀ ਯੁੱਗ ਵਿੱਚ ਜਦੋਂ ਸਾਰੀਆਂ ਪਰੰਪਰਾਵਾਂ ਟੁੱਟ ਰਹੀਆਂ ਹਨ,ਤਾਂ ਸਾਨੂੰ ਇਹ ਮੰਨ ਲੈਣਾ ਚਾਹੀਦਾ ਹੈ ਕਿ ਸਾਹਿਤ ਦੀ ਜ਼ਰੂਰਤ ਕਿੱਥੇ ਹੈ?ਉਹ ਵੀ ਕਵਿਤਾ ਦੀ।ਸਾਹਿਤ ਦੀ ਗੱਲ ਛੋਟੇ ਸ਼ਹਿਰਾਂ ਵਿੱਚੋਂ ਹੀ ਉਠਦੀ ਹੈ।ਮੈਨੂੰ ਯਾਦ ਹੈ ਇਕਿਆਸੀ-ਬਿਆਸੀ-ਤਰਾਸੀ ਵਿੱਚ ਜਦੋਂ ਮੈਂ ਬੀ ਬੀ ਸੀ ਲੰਦਨ ਦੀ ਹਿੰਦੀ ਸਰਵਿਸ ਵਿੱਚ ਕੰਮ ਕਰਦਾ ਸੀ।ਇੱਕ ਵਾਰ ਅਸੀਂ ਫ਼ਰਾਂਸ 'ਤੇ ਇੰਗਲੈਂਡ ਦੇ ਬਾਰਡਰ ਤੇ ਇੱਕ ਫ਼ੋਕ-ਲੋਰ ਕਵਰ ਕਰਨ ਗਏ ਸੀ।ਓਥੇ ਅੱਸੀ-ਪਚਾਸੀ ਸਾਲ ਦੀ ਇੱਕ ਔਰਤ ਨੇ ਮੈਨੂੰ ਕਿਹਾ"ਯੂ ਆਰ ਐਵਰੀਵੇਅਰ ਬਟ ਨੋ ਵੇਅਰ"।ਮੈਨੂੰ ਲੱਗਿਆ ਉਸ ਨੇ ਜੁਗਰਾਫ਼ੀਕਲੀ ਗਲਤ ਭੂਮਿਕਾ ਬੰਨ੍ਹ ਦਿੱਤੀ।ਪਰ ਅੱਜ ਉਹ ਸਭ ਕੁੱਝ ਸੱਚ ਹੈ।ਐਡੀ ਵੱਡੀ ਦੁਨੀਆ 'ਚ ਰਿਸ਼ਤੇ ਨਾਤੇ ਸਭ ਖ਼ਤਮ ਹਨ-ਪਿਓ ਦਾ ਧੀ ਨਾ਼ਲ,ਖਾਵੰਦ ਦਾ ਬੀਵੀ ਨਾ਼ਲ,ਸਭ ਖ਼ਤਮ ਹੈ।ਵਾਹਿਗੁਰੂ ਦੀ ਕਿਰਪਾ ਹੋ ਜਾਵੇ ਤਾ ਠੀਕ ਹੈ ਨਹੀਂ ਤਾਂ ਇਹ ਸਭ ਅੱਖਾਂ ਦੀ ਸ਼ਰਮ ਦੇ ਓਹਲੇ ਹਨ।ਤੁਹਾਡੇ ਤੇ ਵਾਹਿਗੁਰੂ ਦੀ ਅਸੀਮ ਕਿਰਪਾ ਹੈ ਜੇ ਤੁਸੀਂ ਉਹਨਾ ਰਿਸ਼ਤਿਆਂ ਦੀ ਪਾਕੀਜ਼ਗੀ 'ਤੇ ਪਰੰਪਰਾਵਾਂ ਨੂੰ ਬਚਾ ਕੇ ਰੱਖਿਆ ਹੈ।

ਇਹੀ ਗੱਲ ਮੈਂ ਸਾਹਿਤ 'ਤੇ ਲਾਗੂ ਕਰਕੇ ਕਹਿੰਦਾ ਹਾਂ ਕਿ ਉਹ ਸਾਹਿਤ ਹੀ ਜਿੰਦਾ ਰਹੇਗਾ ਜੀਹਦੇ 'ਚ ਅੱਖਾਂ ਦੀ ਸ਼ਰਮ ਦਾ,ਆਪਣੇ ਆਪ ਨਾ਼ਲ ਰੂ-ਬ-ਰੂ ਹੋਣ ਦਾ ਸੱਚ ਬਾਕੀ ਹੈ।ਇਹ ਸੱਚ ਗੁਰਮੀਤ ਦੀ ਕਵਿਤਾ ਵਿੱਚ ਹੈ।ਮੈਂ ਕਈ ਸਾਲਾਂ ਤੋਂ ਗੁਰਮੀਤ ਨੂੰ ਜਾਣਦਾ ਹਾਂ।ਇਹਦੀ ਪਹਿਲੀ ਕਿਤਾਬ 'ਪਰਛਾਵਿਆਂ ਦੇ ਮਗਰੇ ਮਗਰ'ਵੀ ਮੈਂ ਪੜ੍ਹੀ ਸੀ।ਪਰ ਇਸ ਕਿਤਾਬ(ਚੁੱਪ ਤੋਂ ਮਗਰੋਂ) 'ਚ ਮੈਨੂੰ ਕਰੰਟ ਕੁਝ ਜ਼ਿਆਦਾ ਲੱਗਿਆ।ਇਹ ਕਰੰਟ ਓਨਾ ਹੀ ਹੈ ਜਿੰਨਾ ਕਿਸੇ ਕਵਿਤਾ ਦੀ ਆਮਦ ਤੇ ਹੁੰਦਾ ਹੈ।

ਅਫ਼ਗਾਨਿਸਤਾਨ 'ਚ ਜੋ ਕੁੱਝ ਹੋ ਰਿਹਾ ਹੈ,ਇਸ ਤਰਾਂ ਦੀਆਂ ਘਟਨਾਵਾਂ ਆਦਮੀ ਨੂੰ ਅਦਬ ਤੋਂ ਬੇ-ਮੁੱਖ ਕਰਦੀਆਂ ਹਨ।'ਚੁੱਪ ਤੋਂ ਮਗਰੋਂ' ਦੀਆਂ ਗੱਲਾਂ ਇਹੋ ਜਿਹੀਆਂ ਹੀ ਹੁੰਦੀਆਂ ਹਨ ਜਦੋਂ ਆਦਮੀ ਆਪਣੇ ਆਪ ਨਾ਼ਲ ਸਾਕਸ਼ਾਤਕਾਰ ਕਰਦਾ ਹੈ।ਮੈਂ ਜੇ ਇੱਕ ਵਾਕ ਵਿੱਚ,ਇੱਕ ਡਾਇਲਾਗ ਵਿੱਚ ਇਹ ਕਹਿਣਾ ਹੋਵੇ ਕਿ ਗੁਰਮੀਤ ਦੀਆਂ ਕਵਿਤਾਵਾਂ ਦਾ ਮਰਮ ਕੀ ਹੈ ਤਾਂ ਉਹ ਇਹ ਹੈ-ਆਪਣੇ ਤੋਂ ਆਪਣੇ ਤੱਕ ਦੀ ਯਾਤਰਾ,ਆਪਣੇ ਨਾ਼ਲ ਸੰਵਾਦ।ਇਹੀ ਸੰਵਾਦ ਬਾਬਾ ਨਾਨਕ ਵੀ ਆਪਣੀ ਪੋਈਟਰੀ ਕਰਦੇ ਨੇ।ਜਿਸ ਸਮਾਜ 'ਚ ਅਸੀਂ ਵਿਚਰਦੇ ਹਾਂ ਉਸ ਸਮਾਜ 'ਚ ਇਹਨਾ ਅੱਖਰਾਂ ਦੀ ਪ੍ਰਵਿਰਤੀ ਨੂੰ ਬ੍ਰਹਮ ਕਿਹਾ ਗਿਆ ਹੈ।ਇਹ(ਗੁਰੂ ਗ੍ਰੰਥ ਸਾਹਿਬ) ਦੁਨੀਆ ਦੀ ਇੱਕੋ ਇੱਕ ਮੁਕੱਦਸ ਕਿਤਾਬ ਹੈ ਜਿਸ ਨੂੰ ਜਾਗਦੀ ਜੋਤ ਕਿਹਾ ਗਿਆ ਹੈ,ਪਰ ਅਸੀਂ ਇਹਦੇ ਵਿਗਿਆਨਕ ਸੱਚ ਤੋਂ ਬੇ-ਮੁੱਖ ਹੋ ਗਏ ਹਾਂ।ਓਸ਼ੋ ਨੇ ਕਿਹਾ ਸੀ ਕਿ ਗੁਰੂ ਨਾਨਕ ਇੱਕ ਸਧਾਰਣ ਮਨੁੱਖ ਸਨ ਪਰ ਉਹਨਾ ਨੇ ਆਪਣੀ ਕਵਿਤਾ ਨੂੰ ਸੰਗੀਤ ਨਾ਼ਲ ਇਸ ਤਰ੍ਹਾਂ ਗਾਇਆ ਕਿ ਉਹ ਮਹਾਂਪੁਰਖ ਹੋ ਗਏ।ਇੱਕ ਮਹਾਂਪੁਰਖ ਜਦੋਂ ਕੁਝ ਕਹਿੰਦਾ ਹੈ ਤਾਂ ਉਹ ਸਮੇਂ ਦਾ ਸੱਚ ਹੋ ਜਾਂਦਾ ਹੈ।

ਵਿਰੋਧਾਭਾਸ ਨਾ਼ਲ ਭਰੀ ਜ਼ਿੰਦਗੀ 'ਚ ਅਸੀਂ ਝੂਠ ਨੂੰ ਆਤਮਸਾਤ ਕਰ ਲਿਆ ਹੈ।ਜਦੋਂ ਗੁਰਮੀਤ ਵਰਗਾ ਬੰਦਾ ਇਸ ਤਰ੍ਹਾਂ ਦੀ ਕਵਿਤਾ ਲਿਖਦਾ ਹੈ ਤਾਂ ਉਹ ਆਪਣੇ ਆ਼ਲੇ-ਦੁਆ਼ਲੇ ਦੇ ਝੂਠ 'ਚੋਂ ਬਾਹਰ ਆ ਕੇ ਸੱਚ ਨੂੰ ਆਤਮਸਾਤ ਕਰਦਾ ਹੈ।ਪੋਈਟਰੀ ਨੂੰ ਜਦੋਂ ਨਵੇਂ ਮੈਟਾਫ਼ੋਰ,ਨਵੇਂ ਬਿੰਬ ਵਿਧਾਨ ਨਾ਼ਲ ਲਿਖਿਆ ਜਾਂਦਾ ਹੈ ਤਾਂ ਉਹ ਰੂਹ ਦੀ ਤਰਜ਼ਮਾਨੀ ਕਰਦੀ ਹੈ।ਸਾਨੂੰ ਆਪਣੀ ਰੂਹ ਦੇ ਰਿਸ਼ਤੇ

ਨੂੰ ਜ਼ਿੰਦਾ ਰੱਖਣਾ ਹੈ ਤਾਂ ਕਿ ਇਹਨਾਂ ਅੱਖਰਾਂ ਦੀ ਇਮਾਨਦਾਰੀ ਬਚੀ ਰਹੇ।ਗੁਰਮੀਤ ਨੂੰ ਮੈਂ ਵਧਾਈ ਦਿੰਦਾ ਹਾਂ ਕਿ ਇਹਦੀਆਂ ਕਵਿਤਾਵਾਂ ਵਿੱਚ ਇਹ ਇਮਾਨਦਾਰੀ ਹੈ।ਤਿੱਬਤ ਦੇ ਇੱਕ ਸ਼ਾਇਰ ਨੇ ਕਿਹਾ ਕਿ ਮੈਂ ਨਿਊਯਾਰਕ ਵਿੱਚ ਰਹਿੰਦਾ ਹਾਂ,ਮੈਕਡਾਨਲਡ ਵਿੱਚ ਬਹਿੰਦਾ ਹਾਂ ਪਰ ਮੇਰੀਆਂ ਅੱਖਾਂ ਵਿੱਚ ਤਿੱਬਤ ਵਸਦਾ ਹੈ।ਅਫ਼ਗਾਨੀ ਸ਼ਾਇਰਾ ਫ਼ਹਮੀਦਾ ਹਮਦਾਨੀ ਕਹਿੰਦੀ ਹੈ ਅਫ਼ਗ਼ਨਿਸਤਾਨ ਵਿੱਚ ਜੋ ਕੱਟਰਪਣ ਹੈ ਉਸ ਕਰਕੇ ਮੈਂ ਆਪਣਾ ਘਰ ਓਥੇ ਛੱਡ ਆਈ ਹਾਂ ਪਰ ਮੇਰਾ ਮਨ ਕਾਬੁਲ ਦੀਆਂ ਗ਼ਲੀਆਂ ਵਿੱਚ ਹੈ।
ਸਾਰਾ ਵਾਤਾਵਰਣ ਕਵੀ ਦੀ ਇਕੱਲਤਾ ਦਾ ਕਾਰਣ ਬਣ ਗਿਆ ਹੈ।ਗੁਰਮੀਤ ਆਪਣੀ ਕਵਿਤਾ ਵਿੱਚ ਕਹਿੰਦਾ ਹੈ-

ਮੈਨੂੰ ਧੂਅ ਕੇ ਖਿੱਚ ਲੈ
ਇਹਨਾ 'ਵਾ-ਵਰੋਲਿਆਂ 'ਚੋਂ
ਇਹ ਤੂਫ਼ਾਨ ਨਾ ਬਣ ਜਾਣ
ਕਿਤੇ
ਚੁੱਪ ਤੋਂ ਮਗਰੋਂ

ਇੱਕ ਤੂਫ਼ਾਨ ਆਦਮੀ ਦੇ ਅੰਦਰ ਹੁੰਦਾ ਹੈ,ਇੱਕ ਬਾਹਰ।'ਲੋਹਗੜ੍ਹ'ਕਵਿਤਾ 'ਚ ਉਹ ਕਹਿੰਦਾ ਹੈ-

ਮੈਨੂੰ ਬਾਹਰੋਂ
ਬੇਸ਼ੱਕ ਘੜ ਦਿਓ
ਲਾਉਣ ਲਈ ਮੇਰੇ
ਅੰਦਰਘਾਤ
ਤੁਸੀਂ
ਭੇਦ ਨਹੀਂ ਸਕਦੇ
ਮੇਰੇ ਮਨ ਦਾ
ਲੋਹਗੜ੍ਹ

ਅਸਲ ਵਿੱਚ ਇਹ ਸਾਰੀਆਂ ਕਵਿਤਾਵਾਂ ਸਾਫ਼,ਸ਼ਫ਼ਾਫ਼ 'ਤੇ ਹੱਸਾਸ ਮਨ ਦੀਆਂ ਕਵਿਤਾਵਾਂ ਹਨ।ਸਭ ਤੋਂ ਵੱਡੀ ਗੱਲ ਇਹ ਹੈ ਕਿ ਇਹਨਾ ਕਵਿਤਾਵਾਂ ਵਿੱਚ ਮਨ ਦੀ 'ਚੁੱਪ ਤੋਂ ਮਗਰੋਂ' ਜਿਹੜਾ ਵਿਸਫ਼ੋਟ ਹੁੰਦਾ ਹੈ ਉਹ ਹੈ।ਰਿਸ਼ਤਿਆਂ ਦੇ ਨਾਮ ਨੂੰ ਨਾਮਕਰਣ ਨਹੀਂ ਇਸ ਕਿਤਾਬ ਵਿੱਚ ਕੀਤਾ।ਜਿਸ ਤਰਾਂ ਮਨ 'ਚ ਆਇਆ ਉਸ ਨੂੰ ਓਸੇ ਸਾਦਗੀ ਨਾ਼ਲ ਪਰੋਸ ਦਿੱਤਾ।ਕਵਿਤਾ ਦਾ ਬਦਲਦਾ ਮੈਟਾਫ਼ੋਰ ਇਹ ਦੱਸਦਾ ਹੈ ਕਿ ਜਿੰਨੀ ਸਰਲਤਾ ਦੇ ਨਾ਼ਲ,ਜਿੰਨੀਂ ਸੰਜੀਦਗੀ ਦੇ ਨਾ਼ਲ ਆਦਮੀ ਦੇ ਸਰੋਕਾਰਾਂ ਦੀ ਗੱਲ,ਆਪਣੀ ਰੂਹ ਨਾ਼ਲ ਜੁੜੀ ਗੱਲ ਦਸਦੇ ਹੋ 'ਤੇ ਜੇ ਉਹ ਕਿਸੇ ਇੱਕ ਬੰਦੇ ਦੇ ਮਨ ਨੂੰ ਵੀ ਟੁੰਬ ਜਾਵੇ ਤਾਂ ਉਹ ਰਚਨਾ ਸ਼ਾਹਕਾਰ ਹੋ ਜਾਂਦੀ ਹੈ।ਇਸ ਤਰ੍ਹਾਂ ਦੀਆਂ ਕਵਿਤਾਵਾਂ ਦਾ ਦੌਰ ਆ ਸਕਦਾ ਹੈ।ਇਹਨਾ ਅੱਖਰਾਂ ਦੇ ਮਰਮ ਦੀ ਲੋਅ ਤੁਹਾਡੀ ਰੂਹ ਜਗਾ ਸਕਦੀ ਹੈ।ਗੁਰਮੀਤ ਬਰਾੜ ਦੀ ਕਵਿਤਾ 'ਚ ਇਹ ਕਰੰਟ ਹੈ,ਦਮ ਹੈ,ਮਨ ਦੀ ਸੱਚੀ-ਸੁੱਚੀ ਭਾਵਨਾ ਹੈ।ਜੇ ਇਹ ਭਾਵਨਾ ਬਚੀ ਰਹੇ ਤਾਂ ਹੋ ਸਕਦਾ ਹੈ ਕਿ ਆਉਣ ਵਾ਼ਲੇ ਸਮੇਂ 'ਚ ਇਸ ਜ਼ਰਖ਼ੇਜ਼ ਧਰਤੀ 'ਚੋਂ ਇਹਨਾ ਅੱਛੇ ਬੋਲਾਂ ਵਾ਼ਲਾ ਕਵੀ ਸਥਾਪਤੀ ਦੀ ਦੁਨੀਆ ਵੱਲ ਕਦਮ ਪੁੱਟ ਸਕੇ।ਮੇਰੀਆਂ ਸ਼ੁੱਭ ਇੱਛਾਵਾਂ।